ਡਾਇਰੈਕਟਰ, ਖੇਡ ਵਿਭਾਗ, ਪੰਜਾਬ

ਯੁਵਾ ਭਵਨ, ਸੈਕਟਰ 42-ਏ, ਚੰਡੀਗੜ੍ਹ।

ਸੇਵਾ ਵਿਖੇ

ਸਕੱਤਰ, ਪੰਜਾਬ ਸਰਕਾਰ
ਸਕੂਲ ਸਿੱਖਿਆ ਵਿਭਾਗ

ਮੀਮੋ ਨੰ. ਸਪੋਰਟਸ/ਪੀ.ਏ/2024/125
ਮਿਤੀ: 01/08/24

ਵਿਸ਼ਾ: Sports Directory Portal(SDVP) ਤੇ ਖਿਡਾਰੀਆਂ ਦੀ ਰਜਿਸਟ੍ਰੇਸ਼ਨ ਸਬੰਧੀ।

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਖੇਡ ਵਿਭਾਗ ਵਲੋਂ ਖਿਡਾਰੀਆਂ ਦੀ Directory ਤਿਆਰ ਕੀਤੀ ਜਾ ਰਹੀ ਹੈ ਜਿਸ ਨੂੰ ਵਿਭਾਗ ਦੀਆਂ ਵੱਖ-ਵੱਖ ਸਕੀਮਾਂ ਜਿਵੇਂ ਕਿ ਖਿਡਾਰੀਆਂ ਦੀ ਰਜਿਸਟ੍ਰੇਸ਼ਨ, ਖੇਡੇ ਗਏ ਟੂਰਨਾਮੈਂਟਾਂ ਅਤੇ ਉਪਲਬਧੀਆਂ ਦਾ ਮੁਕੰਮਲ ਰਿਕਾਰਡ, ਕੈਸ਼ ਐਵਾਰਡ ਲਈ ਅਪਲਾਈ ਕਰਨ ਅਤੇ ਖੇਡਾਂ ਵਤਨ ਪੰਜਾਬ ਦੀਆਂ ਦੌਰਾਨ ਈਵੈਂਟ ਰਜਿਸਟ੍ਰੇਸ਼ਨ ਆਦਿ ਲਈ ਵਰਤੋਂ ਵਿੱਚ ਲਿਆਂਦਾ ਜਾਣਾ ਹੈ। ਇਸੇ ਤਰ੍ਹਾਂ ਗ੍ਰੇਡੇਸ਼ਨ ਵੀ ਜਲਦ ਹੀ ਪੋਰਟਲ ਉੱਪਰ ਸ਼ੁਰੂ ਕਰ ਦਿੱਤੀ ਜਾਵੇਗੀ।

ਇਸ ਸਾਲ ਖੇਡਾਂ ਵਤਨ ਪੰਜਾਬ ਦੀਆਂ-2024 ਦੀ ਸ਼ੁਰੂਆਤ ਮਿਤੀ 29 ਅਗਸਤ, 2024 ਤੋਂ ਕੀਤੀ ਜਾ ਰਹੀ ਹੈ ਜਿਸ ਵਿੱਚ ਰਜਿਸਟ੍ਰੇਸ਼ਨ ਲਈ ਪਹਿਲੀ ਵਾਰ ਉਕਤ ਪੋਰਟਲ ਵਰਤੋਂ ਵਿੱਚ ਲਿਆਂਦਾ ਜਾ ਰਿਹਾ ਹੈ। ਕਿਉਂਕਿ ਖੇਡਾਂ ਵਤਨ ਪੰਜਾਬ ਦੀਆਂ ਦੌਰਾਨ ਸਕੂਲਾਂ ਦੇ ਵਿਦਿਆਰਥੀਆਂ ਵਲੋਂ ਬਹੁਗਿਣਤੀ ਵਿੱਚ ਰਜਿਸਟਰਡ ਕੀਤਾ ਜਾਂਦਾ ਹੈ, ਇਸ ਲਈ ਪਹਿਲੀ ਵਾਰ ਵਿੱਚ ਪੋਰਟਲ ਤੇ ਰਜਿਸਟ੍ਰੇਸ਼ਨ ਵਿੱਚ ਖਿਡਾਰੀਆਂ/ਬੱਚਿਆਂ ਨੂੰ ਦਰਪੇਸ਼ ਆਉਣ ਵਾਲੀਆਂ ਮੁਸ਼ਕਿਲਾਂ ਨੂੰ ਦੂਰ ਕਰਨ ਲਈ ਖੇਡ ਵਿਭਾਗ ਦੇ ਕੋਚਾਂ ਦੇ ਨਾਲ-ਨਾਲ ਆਪ ਜੀ ਦੇ ਵਿਭਾਗ ਦੇ ਡੀ.ਪੀ.ਈਜ਼/ਪੀ.ਟੀ.ਈਜ਼ ਨੂੰ ਵੀ ਟ੍ਰੇਨਿੰਗ ਦਿੱਤੀ ਜਾਣੀ ਹੈ।

ਐਨ.ਆਈ.ਸੀ. ਵਲੋਂ ਉਕਤ ਮੰਤਵ ਲਈ ਵੱਖ-ਵੱਖ ਜ਼ਿਲ੍ਹਿਆਂ ਨੂੰ ਮਿਤੀ 02/08/2024, ਮਿਤੀ 05/08/2024 ਅਤੇ ਮਿਤੀ 06/08/2024 ਨੂੰ ਵੀਡੀਓ ਕਾਨਫਰੰਸਿੰਗ ਰਾਹੀਂ ਟ੍ਰੇਨਿੰਗ ਦਿੱਤੀ ਜਾਣੀ ਹੈ। ਵੀਡੀਓ ਕਾਨਫਰੰਸਿੰਗ ਦਾ ਲਿੰਕ ਅਤੇ ਨਿਰਧਾਰਿਤ ਸ਼ਡਿਊਲ ਨਾਲ ਨੱਥੀ ਹੈ।

ਉਕਤ ਅਨੁਸਾਰ ਆਪ ਜੀ ਨੂੰ ਬੇਨਤੀ ਹੈ ਕਿ ਆਪ ਜੀ ਦੇ ਵਿਭਾਗ ਅਧੀਨ ਆਉਂਦੇ ਡੀ.ਪੀ.ਈਜ਼/ਪੀ.ਟੀ.ਈਜ਼ ਨੂੰ ਪੋਰਟਲ ਸਬੰਧੀ ਟ੍ਰੇਨਿੰਗ ਅਟੈਂਡ ਕਰਵਾਉਣ ਦੀ ਖੇਚਲ ਕੀਤੀ ਜਾਵੇ ਜੀ। ਟ੍ਰੇਨਿੰਗ ਪ੍ਰਾਪਤ ਕਰਨ ਵਾਲੇ ਡੀ.ਪੀ.ਈਜ਼/ਪੀ.ਟੀ.ਈਜ਼ ਦੀ ਸੂਚੀ ਸਮੇਤ ਮੁਕੰਮਲ ਵੇਰਵਾ ਵੀ ਖੇਡ ਵਿਭਾਗ ਨੂੰ ਭਿਜਵਾਉਣ ਦੀ ਖੇਚਲ ਕੀਤੀ ਜਾਵੇ ਜੀ।

ਡਾਇਰੈਕਟਰ, ਖੇਡ ਵਿਭਾਗ, ਪੰਜਾਬ

Scanned with CamScanner

Three days training Schedule for Punjab Sports Events Portal				
Time	Session Details	Districts Covered	Session Head	Trainer
DAY 1(02.08.2024)				
11:00 AM - 12:00 NOON	Creating Login IDs on eServices Portal, Sports person Registration process	Sangrur, Malerkotla,Barnala	Sh.Pankaj Jain Director(IT)	Shubham Developer
2:30 PM - 3:30 PM	Creating Login IDs on eServices Portal, Sports person Registration process	Patiala, Fatehgarh Sahib, SAS Nagar	Rupinder Kaur Joint Director	Komal Developer
4:00 PM - 5:00 PM	Creating Login IDs on eServices Portal, Sports person Registration process	Ludhiana, Rupnagar, Moga	Prince Goel Dy Director	Akash Garg Senior Developer
DAY 2(05.08.2024)				
11:00 AM - 12:00 NOON	Creating Login IDs on eServices Portal, Sports person Registration process	Hoshiarpur, SBS Nagar	Sh.Pankaj Jain Director(IT)	Komal Developer
2:30 PM - 3:30 PM	Creating Login IDs on eServices Portal, Sports person Registration process	Gurdaspur, Pathankot, Tarn Taran	Rupinder Kaur Joint Director	Akash Garg Senior Developer
4:00 PM - 5:00 PM	Creating Login IDs on eServices Portal, Sports person Registration process	Bathinda, Mansa	Prince Goel Dy Director	Shubham Developer
DAY 3(06.08.2024)				
11:00 AM - 12:00 NOON	Creating Login IDs on eServices Portal, Sports person Registration process	Amritsar, Firozpur	Sh.Pankaj Jain Director(IT)	Akash Garg Senior Developer
2:30 PM - 3:30 PM	Creating Login IDs on eServices Portal, Sports person Registration process	Fazilka, Muktsar, Faridkot	Rupinder Kaur Joint Director	Shubham Developer
4:00 PM - 5:00 PM	Creating Login IDs on eServices Portal, Sports person Registration process	Jalandhar , Kapurthala	Prince Goel Dy Director	Komal Developer

Scanned with CamScanner

ਵਧੀਕ ਜਿਲ੍ਹਾ ਸਿੱਖਿਆ ਅਫ਼ਸਰ (ਸੈ. ਸਿ.) ਬਠਿੰਡਾ

ਪੰਤਰ ਕੇਂਦਰ ਜਿਲ੍ਹਾ ਸਪੋਰਟਸ ਕੋਆਰਡੀਨੇਟਰ/ਬਠਿੰਡਾ/161

ਮਿਤੀ: 02/08/2024

ਉਪਰੋਕਤ ਪੰਤਰ ਦਾ ਉਤਰਾ ਸਮੂਹ ਸਕੂਲ ਮੁੱਖੀਆਂ ਨੂੰ ਭੇਜਣੇ ਸਿਖਿਆ ਜਾਂਦਾ ਹੈ, ਉਕਤ ਪੰਤਰ ਦੀ ਪਾਲਣਾ ਕਰਨੀ ਯਕੀਨੀ ਬਣਾਈ ਜਾਵੇ।

ਕਾਪੀ

ਜਿਲ੍ਹਾ ਖੇਡ ਕੋਆਰਡੀਨੇਟਰ,
ਬਠਿੰਡਾ। 02/08/24

Scanned with CamScanner